# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਪਠਾਨਕੋਟ

## (ਫੁਟਕਲ ਸ਼ਾਖਾ)

ਹੁਕਮ ਨੰ:

## ਹੁਕਮ

ਕੋਵਿਡ-19 (ਕਰੋਨਾ ਵਾਇਰਸ) ਦੇ ਮਾਰੂ/ਜਾਨਲੇਵਾ ਪ੍ਰਭਾਵਾਂ ਕਰਕੇ ਵਿਸ਼ਵ ਵਿੱਚ ਦਹਿਸ਼ਤ ਫੈਲੀ ਹੋਈ ਹੈ। ਜਿਸ ਨੂੰ ਸਰਕਾਰ ਵਲੋਂ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ। ਜਿਸ ਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੋ ਚੁੱਕੀ ਹੈ। ਜਿਸ ਨੂੰ ਮੁੱਖ ਰੱਖਦੇ ਹੋਏ ਇਸ ਦਫਤਰ ਵਲੋਂ ਹੁਕਮ ਪਿੱਠ ਅੰਕਣ ਨੰ: ਐਮ.ਏ/ 1710-58, ਮਿਤੀ 23.03.2020 ਰਾਹੀਂ ਜਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ ਕਰਫਿਊ ਦਾ ਹੁਕਮ ਜਾਰੀ ਕੀਤਾ ਗਿਆ ਹੈ।

ਕਰਫਿਊ ਦੌਰਾਨ ਆਟੇ ਦੀ ਕਿੱਲਤ ਨਾ ਹੋਵੇ, ਇਸ ਲਈ ਫਲੋਰ ਮਿਲ ਅਤੇ ਆਟਾ ਚੱਕੀਆਂ ਨੂੰ ਆਟਾ ਪੀਸਣ ਦੀ ਇਜ਼ਾਜਤ ਦਿੱਤੀ ਜਾਂਦੀ ਹੈ। ਜੋ ਕਰਿਆਨਾ ਦੇ ਹੋਲ ਸੇਲਰ/ਰਿਟੇਲਰ ਹਨ, ਉਹ ਸਿੱਧੇ ਤੌਰ ਤੇ ਇਹਨਾਂ ਚੱਕੀਆਂ ਤੋਂ ਆਟਾ ਚੁੱਕ ਸਕਦੇ ਹਨ। ਇਹ ਸਾਰਾ ਆਪਰੇਸ਼ਨ ਕਰਦੇ ਸਮੇਂ ਲੋਡਿੰਗ-ਅਨਲੋਡਿੰਗ ਕਰਦੇ ਸਮੇਂ 10 ਤੋਂ ਵੱਧ ਵਿਆਕਤੀ ਇਕ ਸਥਾਨ ਉਤੇ ਇਕੱਠੇ ਨਹੀਂ ਹੋਣਗੇ ਅਤੇ ਸਮਾਜਿਕ ਦੂਰੀ, ਸੈਨੀਟਾਈਜੇਸ਼ਨ, ਮਾਸਕ ਆਦਿ ਦਾ ਪੂਰਾ-ਪੂਰਾ ਪਾਲਣ ਕਰਨਾ ਯਕੀਨੀ ਬਣਾਉਣਗੇ। ਜਿਲ੍ਹਾ ਖੁਰਾਕ ਸਿਵਲ ਸਪਲਾਈਜ਼ ਕੰਟਰੋਲਰ, ਪਠਾਨਕੋਟ ਉਕਤ ਸਬੰਧੀ ਓਵਰਆਲ ਇੰਚਾਰਜ ਹੋਣਗੇ ਅਤੇ ਜਿਲ੍ਹੇ ਵਿੱਚ ਤੈਨਾਤ ਥਾਣਾ ਵਾਈਜ਼ ਸਪੈਸ਼ਲ ਡਿਊਟੀ ਮੈਜਿਸਟਰੇਟ ਇਹਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਾਉਣਾ ਯਕੀਨੀ ਬਣਾਉਣਗੇ।

ਇਹਨਾਂ ਸਾਰੀਆਂ ਚੱਕੀਆਂ ਨੂੰ ਕਣਕ ਦੀ ਸਪਲਾਈ ਕਰਨ ਸਬੰਧੀ ਪੇਮੈਂਟ ਬੇਸਿਸ ਤੇ ਕਣਕ ਦਿਵਾਉਣ ਦੀ ਕੁਆਰੀਨੇਸ਼ਨ ਜਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ, ਪਠਾਨਕੋਟ ਅਤੇ ਜਿਲ੍ਹਾ ਮੈਨੇਜਰ, ਪਨਸਪ, ਪਠਾਨਕੋਟ ਕਰਨਗੇ। ਆਟਾ ਚੱਕੀਆਂ/ਫਲੋਰ ਮਿਲਾਂ ਨੂੰ ਜਾ ਰਹੀ ਕਣਕ ਅਤੇ ਆਟਾ ਦੇਣ ਜਾ ਰਹੇ ਵਾਹਨਾਂ/ਰੇਹੜਿਆਂ/ ਥ੍ਰੀ-ਵੀਹਲਰਾਂ ਨੂੰ ਕਰਫਿਊ ਦੌਰਾਨ ਕਿਸੇ ਪਾਸ ਦੀ ਲੋੜ ਨਹੀਂ ਹੋਵੇਗੀ। ਇਹਨਾਂ ਵਾਹਨਾਂ ਨੂੰ ਕਿਤੇ ਵੀ ਰੋਕਿਆ ਨਹੀਂ ਜਾਵੇਗਾ।

**ਮਿਤੀ: 21.04.2020**

**(ਗੁਰਪ੍ਰੀਤ ਸਿੰਘ ਖਹਿਰਾ) ਆਈ.ਏ.ਐਸ**
**ਜਿਲ੍ਹਾ ਮੈਜਿਸਟਰੇਟ, ਪਠਾਨਕੋਟ।**

ਪਿੱਠ ਅੰਕਣ ਨੰ: ਐਮ.ਏ/ 2551-67 ਮਿਤੀ: 21/04/2020

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।

2) ਕਮਿਸ਼ਨਰ, ਨਗਰ ਨਿਗਮ, ਪਠਾਨਕੋਟ।

3) ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।

4) ਵਧੀਕ ਡਿਪਟੀ ਕਮਿਸ਼ਨਰ (ਜਨਰਲ/ਵਿਕਾਸ), ਪਠਾਨਕੋਟ।

5) ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰਕਲ੍ਹਾਂ।

6) ਜਿਲ੍ਹਾ ਮਾਲ ਅਫਸਰ, ਪਠਾਨਕੋਟ।

7) ਤਹਿਸੀਲਦਾਰ, ਪਠਾਨਕੋਟ/ਧਾਰਕਲ੍ਹਾਂ।

8) ਜਿਲ੍ਹਾ ਖੁਰਾਕ ਸਿਵਲ ਸਪਲਾਈ ਕੰਟਰੋਲਰ, ਪਠਾਨਕੋਟ।

9) ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਪਠਾਨਕੋਟ।

10) ਜਿਲ੍ਹਾ ਲੋਕ ਸੰਪਰਕ ਅਫਸਰ, ਪਠਾਨਕੋਟ।

11) ਜਿਲ੍ਹਾ ਮੈਨੇਜਰ, ਪਨਸਪ, ਪਠਾਨਕੋਟ।

12) ਜਿਲ੍ਹੇ ਵਿੱਚ ਤੈਨਾਤ ਸਮੂਹ ਸਪੈਸ਼ਲ ਡਿਊਟੀ ਮੈਜਿਸਟਰੇਟ।

13) ਪੀ.ਏ ਟੂ ਡਿਪਟੀ ਕਮਿਸ਼ਨਰ, ਸਟੈਨੋ ਟੂ ਵਧੀਕ ਡਿਪਟੀ ਕਮਿਸ਼ਨਰ (ਜ)/ ਸਟੈਨੋ ਟੂ ਸਹਾਇਕ ਕਮਿਸ਼ਨਰ (ਜ/ਸ਼ਿਕਾਇਤਾਂ), ਪਠਾਨਕੋਟ।

**(ਗੁਰਪ੍ਰੀਤ ਸਿੰਘ ਖਹਿਰਾ) ਆਈ.ਏ.ਐਸ**
**ਜਿਲ੍ਹਾ ਮੈਜਿਸਟਰੇਟ, ਪਠਾਨਕੋਟ।**